2023502767
5/4/23

ਪੰਜਾਬ ਰਾਜ ਬਾਲ ਅਧਿਕਾਰ ਰੱਖਿਆ ਕਮਿਸ਼ਨ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ ਅਤੇ ਸੈਕੰਡਰੀ),
ਪੰਜਾਬ ਰਾਜ।

ਮੀਮੋ ਨੰ. -C-1/ CC-166 /LDH/2022/ 277
ਮਿਤੀ - 29.3.2023

ਵਿਸ਼ਾ- ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਫਰਜੀ ਰਜਿਸਟ੍ਰੇਸ਼ਨ ਨੰਬਰ ਲਗਾ ਕੇ ਚੱਲ ਰਹੀਆਂ ਸਕੂਲੀ ਬੱਸਾਂ ਵਿੱਚ ਸੁਰੱਖਿਆ ਨੂੰ ਲੈ ਕੇ ਟ੍ਰੈਫਿਕ ਪੁਲਿਸ ਅਤੇ ਆਰ.ਟੀ.ਏ. ਵਿਭਾਗ ਦੀ ਲਾਪਰਵਾਹੀ ਦੇ ਸਬੰਧ ਵਿੱਚ ਸ਼ਿਕਾਇਤ ਦ ਮਾਮਲੇ ਸਬੰਧੀ।

.....

ਉਪਰੋਕਤ ਵਿਸ਼ਾ ਅੰਕਿਤ ਮੁੱਦੇ ਸਬੰਧੀ ਕਮਿਸ਼ਨ ਦੇ ਧਿਆਨ ਵਿੱਚ ਆਇਆ ਹੈ, ਕਿ ਕੁਝ ਸਕੂਲੀ ਵਾਹਨਾਂ ਵੱਲੋਂ ਗਲਤ ਰਜਿਸਟ੍ਰੇਸ਼ਨ ਪਲੇਟਾਂ ਲਾ ਕੇ ਸਕੂਲੀ ਵਾਹਨ ਚਲਾਏ ਜਾ ਰਹੇ ਹਨ, ਜਿਵੇਂ ਕਿ ਕੁੱਝ ਸਕੂਲੀ ਬੱਸਾਂ ਤੇ ਸਕੂਟਰ ਅਤੇ ਮੋਟਰ ਸਾਇਕਲਾਂ ਦੇ ਨੰਬਰ ਲਗਾਏ ਗਏ ਹਨ। ਇਹ ਬੱਚਿਆਂ ਦੀ ਸੁਰੱਖਿਅਤ ਨਾਲ ਸਬੰਧਤ ਮਾਮਲਾ ਹੈ।

ਉਕਤ ਦਰਸਾਈ ਗਈ ਸਥਿਤੀ ਨੂੰ ਕਮਿਸ਼ਨ ਵੱਲੋਂ ਗੰਭੀਰਤਾ ਨਾਲ ਲਿਆ ਗਿਆ ਹੈ। ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜਿਲ੍ਹੇ ਵਿੱਚ ਆਉਂਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਆਪਣੇ ਸਕੂਲਾਂ ਵਿੱਚ ਚਲਾਏ ਜਾ ਰਹੇ ਸਾਰੇ ਸਕੂਲੀ ਵਾਹਨਾਂ ਦੀਆਂ ਰਜਿਸਟ੍ਰੇਸ਼ਨਾਂ ਨੂੰ ਚੈਕ ਕਰਨ। ਇਸ ਤੋਂ ਇਲਾਵਾ ਸਾਰੇ ਵਾਹਨਾਂ ਦੀ ਰਜਿਸਟ੍ਰੇਸ਼ਨਾਂ ਆਰ.ਟੀ.ਏ. ਦੀ ਐਪ ਤੇ ਚੈਕ ਕੀਤੀਆਂ ਜਾ ਸਕਦੀਆਂ ਹਨ ਕਿ ਇਹ ਨੰਬਰ ਪਲੇਟਾਂ ਸਹੀ ਵਹੀਕਲ ਨੰਬਰ ਅਨੁਸਾਰ ਰਜਿਸਟਰਡ ਹਨ ਜਾਂ ਨਹੀਂ । ਇਸ ਦੇ ਨਾਲ -ਨਾਲ ਸੇਫ ਸਕੂਲ ਵਾਹਨ ਪਾਲਿਸੀ ਦੀ ਪਾਲਣਾ ਨੂੰ ਵੀ ਸੁਨਿਸ਼ਚਿਤ ਕੀਤਾ ਜਾਵੇ।

Kanwar 29/03/23

(ਕੰਵਰਦੀਪ ਸਿੰਘ)
ਚੇਅਰਮੈਨ

ਮਿਤੀ: 06/04/2023

ਵਣ ਭਵਨ, ਦੂਜੀ ਮੰਜਿਲ, ਟਾਵਰ-4, ਸੈਕਟਰ-68, ਐਸ.ਏ.ਐਸ ਨਗਰ , ਮੋਹਾਲੀ
ਫੋਨ ਨੰ: 0172-2298097, ਈਮੇਲ ਆਈ.ਡੀ. scpcr.pbgov@gmail.com